Weekly

# CANADA SIKH TIMES

10 - 16 August 2024

ਕੈਨੇਡਾ ਸਿੱਖ ਟਾਈਮਜ਼

Volume 2 Issue 32

• RELIGION • CULTURE • HERITAGE • BUSINESS

## ਓਲੰਪਿਕ 'ਚ ਝੰਡੇ ਗੱਡਣ ਵਾਲੇ ਸਰਬਜੋਤ ਸਿੰਘ ਅਤੇ ਮਨੂ ਭਾਕਰ ਨੂੰ ਮਿਲੀ ਸਰਕਾਰੀ ਨੌਕਰੀ



ਓਲੰਪਿਕ ਤਮਗਾ ਜੇਤੂ ਅਤੇ ਭਾਰਤੀ ਨਿਸ਼ਾਨੇਬਾਜ਼ ਸਰਬਜੋਤ ਸਿੰਘ ਅਤੇ ਮਨੂ ਭਾਕਰ ਨੇ ਸ਼ੁੱਕਰਵਾਰ ਨੂੰ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਦੋਵੇਂ ਨਿਸ਼ਾਨੇਬਾਜ਼ ਅਤੇ ਉਹਨਾਂ ਦੇ ਪਰਿਵਾਰਕ ਮੈਂਬਰ ਵੀ ਮੁੱਖ ਮੰਤਰੀ ਦੇ ਨਿਵਾਸ ਸਥਾਨ ਪਹੁੰਚੇ। ਇਸ ਮੌਕੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸੈਣੀ ਨੇ ਦੋਵਾਂ ਖਿਡਾਰੀਆਂ ਦਾ ਸਨਮਾਨ ਕੀਤਾ ਅਤੇ ਉਹਨਾਂ ਨੂੰ ਸ਼ੁੱਭ ਕਾਮਨਾਵਾਂ ਦਿੱਤੀਆਂ। ਮੁੱਖ ਮੰਤਰੀ ਨੇ ਦੋਵਾਂ ਨੂੰ ਸਨਮਾਨਿਤ ਕਰਨ ਦੇ ਨਾਲ-ਨਾਲ ਡਿਪਟੀ ਡਾਇਰੈਕਟਰ ਦੇ ਅਹੁਦੇ ਲਈ ਨਿਯੁਕਤੀ ਪੱਤਰ ਵੀ ਦਿੱਤੇ। ਨਾਲ ਹੀ ਉਹਨਾਂ ਨੇ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਵਧੀਆ ਪ੍ਰਦਰਸ਼ਨ ਕਰਕੇ ਦੇਸ਼ ਦਾ ਨਾਂ ਰੌਸ਼ਨ ਕਰਨ ਦਾ ਆਸ਼ੀਰਵਾਦ ਦਿੱਤਾ। ਉਨ੍ਹਾਂ ਦੱਸਿਆ ਕਿ 17 ਅਗਸਤ ਨੂੰ ਰੋਹਤਕ ਵਿੱਚ ਹੋਣ ਵਾਲੇ ਪ੍ਰੋਗਰਾਮ ਵਿੱਚ ਖਿਡਾਰੀਆਂ ਲਈ ਕਈ ਐਲਾਨ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਖਿਡਾਰੀਆਂ ਦੀ ਹਰ ਇੱਛਾ ਪੂਰੀ ਕਰੇਗੀ। ਅੱਜ ਪੂਰੇ ਦੇਸ਼ ਵਿੱਚ ਹਰਿਆਣਾ ਦੇ ਖਿਡਾਰੀਆਂ ਨੂੰ ਸਭ ਤੋਂ ਵੱਧ ਨਕਦ ਇਨਾਮ ਦਿੱਤੇ ਜਾਂਦੇ ਹਨ। ਜ਼ਿਕਰਯੋਗ ਹੈ ਕਿ ਸਰਬਜੋਤ ਸਿੰਘ ਅੰਬਾਲਾ ਦੇ ਬਰਾੜਾ ਬਲਾਕ ਦੇ ਧੀਨ ਪਿੰਡ ਨਾਲ ਸਬੰਧਤ ਹਨ, ਜਦਕਿ ਮਨੂ ਝੱਜਰ ਦੇ ਗੋਰੀਆ ਪਿੰਡ ਨਾਲ ਸਬੰਧਤ ਹੈ, ਦੋਵੇਂ ਹਰਿਆਣਾ ਵਿੱਚ ਪੈਂਦੇ ਹਨ।

## Sardar Joginder Singh founder of Rozana Spokesman passed away



In a sad piece of news, Sardar Joginder Singh, the founder of Rozana Spokesman passed away at the age of 83 on Sunday. Punjab Chief Minister Bhagwant Mann along with other political leaders in Punjab expressed condolences to the departed soul. Born on February 20, 1941, Joginder Singh was a lawyer by profession but he gave up a promising career to found and establish an independent media outlet that stood for and raised the voice of the people in Punjab. His fierce writing style targeted the state machinery, bringing light to entrenched misgovernance, corruption, and personalized bureaucracies. His ideology and writing style continue to dictate the organization's journalistic ideals, and its beliefs in representing the people, ensuring governmental and bureaucratic accountability, and reporting unbiased and truthful information to all readers.

## ਭਾਰਤੀ ਹਾਕੀ ਟੀਮ ਦੇ ਪੰਜਾਬੀ ਖਿਡਾਰੀਆਂ ਨੂੰ ਇਕ-ਇਕ ਕਰੋੜ ਦੇਣ ਦਾ ਕੀਤਾ ਐਲਾਨ



ਪੰਜਾਬ ਸਰਕਾਰ ਨੇ ਪੈਰਿਸ ਓਲੰਪਿਕਸ ਵਿੱਚ ਕਾਂਸੀ ਦਾ ਤਮ.ਗਾ ਜਿੱਤ ਕੇ ਇਤਿਹਾਸ ਰਚਣ ਵਾਲੀ ਭਾਰਤੀ ਹਾਕੀ ਟੀਮ ਨੂੰ ਵਧਾਈ ਦਿੱਤੀ ਹੈ। ਇੱਥੇ ਵਧਾਈ ਸੰਦੇਸ਼ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਭਾਰਤੀ ਖਿਡਾਰੀਆਂ ਨੇ ਕਾਂਸੀ ਦੇ ਤਮਗੇ ਲਈ ਹੋਏ ਮੈਚ ਦੌਰਾਨ ਵਧੀਆ ਖੇਡ ਦਾ ਪ੍ਰਦਰਸ਼ਨ ਕਰਕੇ ਅਤੇ ਸਪੇਨ ਨੂੰ 2-1 ਨਾਲ ਹਰਾ ਕੇ ਪੂਰੇ ਦੇਸ਼ ਦਾ ਨਾਂ ਰੌਸ਼ਨ ਕੀਤਾ ਹੈ। ਹਾਕੀ ਟੀਮ ਵਿੱਚ ਕਪਤਾਨ ਹਰਮਨਪ੍ਰੀਤ ਸਿੰਘ ਤੇ ਵਾਈਸ ਕਪਤਾਨ ਸਮੇਤ 10 ਖਿਡਾਰੀ ਪੰਜਾਬ ਦੇ ਹਨ। ਇਨ੍ਹਾਂ ਖਿਡਾਰੀਆਂ ਨੂੰ ਸੂਬਾ ਸਰਕਾਰ ਦੀ ਨੀਤੀ ਮੁਤਾਬਕ ਇਕ-ਇਕ ਕਰੋੜ ਰੁਪਏ ਦੇ ਨਗਦ ਇਨਾਮਾਂ ਨਾਲ ਨਿਵਾਜਿਆ ਜਾਵੇਗਾ। ਪੰਜਾਬ ਦੇ ਮੁੱਖ ਮੰਤਰੀ ਨੇ ਕਿਹਾ ਕਿ 52 ਸਾਲ ਬਾਅਦ ਪਹਿਲੀ ਵਾਰ ਭਾਰਤ ਨੇ ਓਲੰਪਿਕਸ ਵਿੱਚ ਹਾਕੀ ਵਿੱਚ ਲਗਾਤਾਰ ਦੋ ਵਾਰ ਤਮਗਾ ਜਿੱਤਿਆ। ਭਾਰਤ ਨੇ ਟੋਕੀਓ ਤੇ ਪੈਰਿਸ ਵਿਖੇ ਹੋਈਆਂ ਉਲੰਪਿਕ ਖੇਡਾਂ ਵਿੱਚ ਹੁਣ ਲਗਾਤਾਰ ਦੋ ਤਮ.ਗੇ ਜਿੱਤੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਸਪੇਨ ਵਿਰੁੱਧ ਇਸ ਸ਼ਾਨਦਾਰ ਜਿੱਤ ਨਾਲ ਸਮੁੱਚੀ ਟੀਮ ਨੇ ਪੂਰੇ ਦੇਸ਼ ਨੂੰ ਮਾਣ ਮਹਿਸੂਸ ਕਰਵਾਇਆ ਹੈ ਅਤੇ ਇਹ ਜਿੱਤ ਖੇਡ ਇਤਿਹਾਸ ਵਿੱਚ ਸੁਨਹਿਰੀ ਸ਼ਬਦਾਂ ਵਿੱਚ ਦਰਜ ਹੋਵੇਗੀ। ਟੀਮ ਦੀ ਪ੍ਰਸ਼ੰਸਾ ਕਰਦਿਆਂ ਉਨ੍ਹਾਂ ਕਿਹਾ ਕਿ ਟੀਮ ਨੇ ਇੱਕ ਵਾਰ ਫਿਰ ਦੇਸ਼ ਦੇ ਮਹਾਨ ਹਾਕੀ ਖਿਡਾਰੀਆਂ ਦੀ ਸ਼ਾਨਦਾਰ ਵਿਰਾਸਤ ਨੂੰ ਕਾਇਮ ਰੱਖਿਆ ਹੈ।

## DESH VIDESH

# ਓਲੰਪਿਕ ਹਾਕੀ ਵਿੱਚ ਪੰਜਾਬੀਆਂ ਦੀ ਸਰਦਾਰੀ



– ਨਵਦੀਪ ਸਿੰਘ ਗਿੱਲ

ਪੈਰਿਸ ਵਿੱਚ ਚੱਲ ਰਹੀਆਂ ਓਲੰਪਿਕ ਖੇਡਾਂ ਵਿੱਚ ਭਾਰਤੀ ਹਾਕੀ ਟੀਮ ਇਕ ਵਾਰ ਫਿਰ ਪੰਜਾਬੀ ਖਿਡਾਰੀ ਹਰਮਨਪ੍ਰੀਤ ਸਿੰਘ ਦੀ ਕਪਤਾਨੀ ਹੇਠ ਖੇਡ ਰਹੀ ਹੈ। ਓਲੰਪਿਕਸ ਖੇਡਾਂ ਵਿੱਚ ਸਭ ਤੋਂ ਵੱਧ, 10 ਵਾਰ ਪੰਜਾਬੀ ਖਿਡਾਰੀ ਨੂੰ ਹਾਕੀ ਟੀਮ ਦੀ ਕਪਤਾਨੀ ਦਾ ਸੁਭਾਗ ਹਾਸਲ ਹੋਇਆ। ਇਕੱਲੀ ਪੰਜਾਬੀ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਨੇ ਦੇਸ਼ ਨੂੰ ਤਿੰਨ ਓਲੰਪਿਕ ਕਪਤਾਨ ਦਿੱਤੇ ਹਨ ਅਤੇ ਜਲੰਧਰ ਨੇੜਲੇ ਪਿੰਡ ਮਿੱਠਾਪੁਰ ਨੇ ਵੀ ਦੋ ਕਪਤਾਨ ਦਿੱਤੇ। ਭਾਰਤੀ ਹਾਕੀ ਵਿੱਚ ਮੁੱਢ ਤੋਂ ਹੀ ਪੰਜਾਬੀਆਂ ਦੀ ਸਰਦਾਰੀ ਰਹੀ ਹੈ। ਐਤਕੀਂ ਭਾਰਤੀ ਹਾਕੀ ਟੀਮ 22ਵੀਂ ਵਾਰ ਓਲੰਪਿਕ ਖੇਡਾਂ ਵਿੱਚ ਹਿੱਸਾ ਲੈ ਰਹੀ ਹੈ ਅਤੇ 10ਵੀਂ ਵਾਰ ਕਪਤਾਨੀ ਪੰਜਾਬੀ ਖਿਡਾਰੀ ਨੂੰ ਮਿਲੀ ਹੈ।

ਓਲੰਪਿਕ ਤਗ਼ਮਾ ਜਿੱਤਣ ਵਿੱਚ ਵੀ ਸਭ ਤੋਂ ਵੱਡੀ ਗਿਣਤੀ ਪੰਜਾਬੀ ਖਿਡਾਰੀਆਂ ਦੀ ਹੈ। ਭਾਰਤ ਨੇ ਹੁਣ ਤੱਕ ਓਲੰਪਿਕ ਖੇਡਾਂ ਵਿੱਚ ਹਾਕੀ ਮੁਕਾਬਲਿਆਂ ਵਿੱਚ 9 ਸੋਨੇ, 1 ਚਾਂਦੀ ਤੇ 3 ਕਾਂਸੀ ਦੇ ਤਗ਼ਮਿਆਂ ਸਣੇ ਕੁੱਲ 12 ਤਗ਼ਮੇ ਜਿੱਤੇ ਹਨ। ਪੰਜਾਬ ਦੇ 50 ਖਿਡਾਰੀ ਅਜਿਹੇ ਹਨ ਜਿਨ੍ਹਾਂ ਵੱਖ-ਵੱਖ ਮੌਕਿਆਂ ਉਤੇ ਤਗ਼ਮੇ ਜਿੱਤੇ ਹਨ। ਸਭ ਤੋਂ ਵੱਧ ਚਾਰ ਤਗ਼ਮੇ ਜਿੱਤਣ ਵਾਲਾ ਖਿਡਾਰੀ ਵੀ ਪੰਜਾਬੀ ਹੈ। ਊਧਮ ਸਿੰਘ ਨੇ ਤਿੰਨ ਸੋਨੇ ਅਤੇ ਇਕ ਚਾਂਦੀ ਦਾ ਤਗ਼ਮਾ ਜਿੱਤਿਆ; ਬਲਬੀਰ ਸਿੰਘ ਸੀਨੀਅਰ ਨੇ ਤਿੰਨ ਵਾਰ ਸੋਨੇ ਦਾ ਤਗ਼ਮਾ ਜਿੱਤਿਆ। ਹੈਲਸਿੰਕੀ ਓਲੰਪਿਕ-1952 ਦੇ ਫਾਈਨਲ ਵਿੱਚ ਬਲਬੀਰ ਸਿੰਘ ਸੀਨੀਅਰ ਨੇ ਪੰਜ ਗੋਲ ਕੀਤੇ ਜੋ ਓਲੰਪਿਕ ਇਤਿਹਾਸ ਦੇ ਕਿਸੇ ਵੀ ਫਾਈਨਲ ਵਿੱਚ ਸਭ ਤੋਂ ਵੱਧ ਗੋਲ ਕਰਨ ਦਾ ਰਿਕਾਰਡ ਹੈ। ਟੋਕੀਓ ਓਲੰਪਿਕ-1964 ਵਿੱਚ ਸੋਨ ਤਗ਼ਮਾ ਜਿੱਤਣ ਵਾਲੀ ਭਾਰਤੀ ਟੀਮ ਵੱਲੋਂ ਖੇਡਦਿਆਂ ਪ੍ਰਿਥੀਪਾਲ ਸਿੰਘ 10 ਗੋਲਾਂ ਨਾਲ ਟਾਪ ਸਕੋਰਰ ਬਣਿਆ। 1980 ਵਿੱਚ ਸੋਨ ਤਗ਼ਮਾ ਜਿੱਤਣ ਵਾਲੀ ਭਾਰਤੀ ਹਾਕੀ ਟੀਮ ਵੱਲੋਂ ਸਭ ਤੋਂ ਵੱਧ 14 ਗੋਲ ਸੁਰਿੰਦਰ ਸਿੰਘ ਸੋਢੀ ਨੇ ਕੀਤੇ ਸਨ।

ਓਲੰਪਿਕ ਹਾਕੀ ਵਿੱਚ ਭਾਰਤ ਦੀ ਕਪਤਾਨੀ ਕਰਨ ਵਾਲੇ 10 ਪੰਜਾਬੀ ਕਪਤਾਨਾਂ ਦੀ ਗੱਲ ਕਰੀਏ ਤਾਂ 1956 ਵਿੱਚ ਮੈਲਬਰਨ ਵਿਖੇ ਪਹਿਲੀ ਵਾਰ ਪੰਜਾਬੀ ਖਿਡਾਰੀ ਨੂੰ ਹਾਕੀ ਟੀਮ ਦੀ ਕਪਤਾਨੀ ਕਰਨ ਦਾ ਮੌਕਾ ਮਿਲਿਆ ਅਤੇ ਭਾਰਤੀ ਹਾਕੀ ਟੀਮ ਨੇ ਸੋਨੇ ਦਾ ਤਗ਼ਮਾ ਜਿੱਤਿਆ। ਬਲਬੀਰ ਸਿੰਘ ਸੀਨੀਅਰ ਦੀ ਇਹ ਤੀਜੀ ਓਲੰਪਿਕਸ ਸੀ ਅਤੇ ਤੀਜਾ ਹੀ ਸੋਨ ਤਗ਼ਮਾ ਸੀ। ਇਸ ਤੋਂ ਬਾਅਦ 1964 ਵਿੱਚ ਟੋਕੀਓ ਵਿਖੇ ਚਰਨਜੀਤ ਕੁਮਾਰ ਨੇ ਕਪਤਾਨੀ ਕੀਤੀ ਅਤੇ ਭਾਰਤ ਨੇ ਸੋਨੇ ਦਾ ਤਗ਼ਮਾ ਜਿੱਤਿਆ। ਊਨਾ (ਸਾਂਝੇ ਪੰਜਾਬ ਦਾ ਹਿੱਸਾ) ਜੰਮਪਲ ਚਰਨਜੀਤ ਕੁਮਾਰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਵਿਦਿਆਰਥੀ ਸਨ।

1968 ਵਿੱਚ ਮੈਕਸੀਕੋ ਵਿੱਚ ਪ੍ਰਿਥੀਪਾਲ ਸਿੰਘ ਤੇ ਗੁਰਬਖ਼ਸ਼ ਸਿੰਘ ਭਾਰਤੀ ਹਾਕੀ ਟੀਮ ਦੇ ਸੰਯੁਕਤ ਕਪਤਾਨ ਸਨ ਜਦੋਂ ਭਾਰਤੀ ਟੀਮ ਨੇ ਕਾਂਸੀ ਦਾ ਤਗ਼ਮਾ ਜਿੱਤਿਆ। ਪ੍ਰਿਥੀਪਾਲ ਸਿੰਘ ਦਾ ਜਨਮ ਨਨਕਾਣਾ ਸਾਹਿਬ (ਹੁਣ ਪਾਕਿਸਤਾਨ) ਦਾ ਹੈ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦਾ ਵਿਦਿਆਰਥੀ ਸੀ। 1972 ਵਿੱਚ ਮਿਊਨਿਖ ਵਿੱਚ ਫਿਰੋਜ਼ਪੁਰ ਦੇ ਹਰਮੀਕ ਸਿੰਘ ਨੇ ਭਾਰਤ ਦੀ ਕਪਤਾਨੀ ਕੀਤੀ ਅਤੇ ਭਾਰਤੀ ਟੀਮ ਨੇ ਕਾਂਸੀ ਦਾ ਤਗ਼ਮਾ ਜਿੱਤਿਆ। ਹਰਮੀਕ ਸਿੰਘ ਦਾ ਭਰਾ ਅਜੀਤ ਸਿੰਘ ਅਤੇ ਭਤੀਜਾ ਗਗਨ ਅਜੀਤ ਸਿੰਘ ਵੀ ਓਲੰਪੀਅਨ ਹਨ। 1976 ਵਿੱਚ ਮਾਂਟਰੀਅਲ ਵਿੱਚ ਅਜੀਤ ਪਾਲ ਸਿੰਘ ਨੇ ਭਾਰਤੀ ਹਾਕੀ ਟੀਮ ਦੀ ਕਪਤਾਨੀ ਕੀਤੀ। 1975 ਵਿੱਚ ਇਕਲੌਤਾ ਸੰਸਾਰ ਕੱਪ


ਬਲਬੀਰ ਸਿੰਘ ਸੀਨੀਅਰ ਅਜੀਤਪਾਲ ਸਿੰਘ ਹਰਮਨਪ੍ਰੀਤ ਸਿੰਘ

ਜਿੱਤਣ ਵਾਲੀ ਭਾਰਤੀ ਹਾਕੀ ਟੀਮ ਦੇ ਕਪਤਾਨ ਰਹੇ ਅਜੀਤ ਪਾਲ ਸਿੰਘ ਹਾਕੀ ਦੇ ਮੱਕਾ ਸੰਸਾਰਪੁਰ ਦੇ ਰਹਿਣ ਵਾਲੇ ਹਨ।

1976 ਤੋਂ 16 ਵਰ੍ਹਿਆਂ ਬਾਅਦ 1992 ਵਿੱਚ ਬਾਰਸੀਲੋਨਾ ਵਿੱਚ ਕਿਸੇ ਪੰਜਾਬੀ ਖਿਡਾਰੀ ਨੂੰ ਕਪਤਾਨੀ ਮਿਲੀ। ਮਿੱਠਾਪੁਰ ਦੇ ਪਰਗਟ ਸਿੰਘ ਨੂੰ ਕਪਤਾਨ ਬਣਾਇਆ ਗਿਆ। 1996 ਵਿੱਚ ਐਟਲਾਂਟਾ ਵਿੱਚ ਵੀ ਪਰਗਟ ਸਿੰਘ ਕਪਤਾਨ ਸਨ ਅਤੇ ਉਹ ਪਹਿਲੇ ਤੇ ਇਕਲੌਤੇ ਖਿਡਾਰੀ ਹਨ ਜਿਨ੍ਹਾਂ ਨੂੰ ਦੋ ਵਾਰ ਓਲੰਪਿਕ ਖੇਡਾਂ ਵਿੱਚ ਹਾਕੀ ਟੀਮ ਦੀ ਕਪਤਾਨੀ ਮਿਲੀ। 2000 ਵਿੱਚ ਸਿਡਨੀ ਵਿੱਚ ਰਮਨਦੀਪ ਸਿੰਘ ਗਰੇਵਾਲ ਨੂੰ ਕਪਤਾਨੀ ਮਿਲੀ। ਰਮਨਦੀਪ ਸਿੰਘ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦਾ ਵਿਦਿਆਰਥੀ ਸੀ। 21 ਵਰ੍ਹਿਆਂ ਬਾਅਦ ਪੰਜਾਬ ਨੂੰ ਫਿਰ ਕਪਤਾਨੀ ਮਿਲੀ ਜਦੋਂ ਮਿੱਠਾਪੁਰ ਦੇ ਮਨਪ੍ਰੀਤ ਸਿੰਘ ਨੂੰ ਟੋਕੀਓ ਓਲੰਪਿਕ-2021 ਵਿੱਚ ਭਾਰਤੀ ਹਾਕੀ ਟੀਮ ਦਾ ਕਪਤਾਨ ਬਣਾਇਆ ਗਿਆ ਅਤੇ ਭਾਰਤ ਨੇ ਕਾਂਸੀ ਦਾ ਤਗ਼ਮਾ ਜਿੱਤਿਆ। ਮਨਪ੍ਰੀਤ ਸਿੰਘ ਦੀ ਕਪਤਾਨੀ ਹੇਠ ਭਾਰਤ ਨੇ 41 ਵਰ੍ਹਿਆਂ ਬਾਅਦ ਓਲੰਪਿਕ ਤਗ਼ਮਾ ਜਿੱਤਿਆ।

ਹੁਣ ਪਿੰਡ ਤਿੰਮੋਵਾਲ (ਅੰਮ੍ਰਿਤਸਰ) ਦੇ ਹਰਮਨਪ੍ਰੀਤ ਨੂੰ ਹਾਕੀ ਟੀਮ ਦਾ ਕਪਤਾਨ ਬਣਾਇਆ ਹੈ। ਹਰਮਨਪ੍ਰੀਤ ਦੀ ਕਪਤਾਨੀ ਹੇਠ ਭਾਰਤ ਨੇ ਪਿਛਲੇ ਸਾਲ ਹਾਂਗਜ਼ੂ ਏਸ਼ਿਆਈ ਖੇਡਾਂ 'ਚ ਸੋਨੇ ਦਾ ਤਗ਼ਮਾ ਜਿੱਤਿਆ ਸੀ ਜਿਸ ਸਦਕਾ ਭਾਰਤੀ ਟੀਮ ਪੈਰਿਸ ਓਲੰਪਿਕਸ ਲਈ ਸਿੱਧੀ ਕੁਆਲੀਫਾਈ ਹੋ ਗਈ ਸੀ। ਹਰਮਨਪ੍ਰੀਤ ਸਿੰਘ ਡਿਫੈਂਡਰ ਅਤੇ ਡਰੈਗ ਫਲਿੱਕਰ ਹੈ। ਉਪ ਕਪਤਾਨ ਹਾਰਦਿਕ ਸਿੰਘ ਵੀ ਜਲੰਧਰ ਛਾਉਣੀ ਦੀ ਬੁੱਕਲ ਵਿੱਚ ਵਸੇ ਪਿੰਡ ਖੁਸਰੋਪੁਰ ਦਾ ਵਸਨੀਕ ਹੈ। ◆◆

ਗੁਰੂ ਗ੍ਰੰਥ ਸਾਹਿਬ ਦੇ ਪਹਿਲੇ 13 ਅੰਕਾ ਤੇ ਸੁਸ਼ੋਭਿਤ ਨਿਤਨੇਮ ਦੀਆਂ ਬਾਣੀਆਂ ਵਿਚੋਂ ਕਿਸ ਬਾਣੀ ਵਿਚ 'ਤਮਾਇ' ਸ਼ਬਦ ਆਇਆ ਹੈ ਜਿਸਦਾ ਅਰਥ ਹੈ 'ਇਛਾ ਰਖਣਾ'?



# HERITAGE



## ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਵਿੱਚ "ਸੰਜਮ ਤੇ ਧੀਰਜ" ਦਾ ਸੰਕਲਪ

– ਮਨਜੀਤ ਕੌਰ, ਰਾਮਪੁਰ (ਯੂਪੀ)

ਗੁਰੂ ਨਾਨਕ ਸਾਹਿਬ ਜੀ ਨੇ ਸਿੱਖ ਧਰਮ ਦੀ ਨੀਂਹ ਰੂਹਾਨੀ ਅਤੇ ਸਦਾਚਾਰਕ ਗੁਂਣਾ ਦੀ ਆਧਾਰਸ਼ਿਲਾ ਉਂਪਰ ਰੱਖੀ, ਸੱਚਾ ਧਰਮ ਦਰਅਸਲ ਗੁਣਾਂ ਨੂੰ ਗ੍ਰਹਿਣ ਕਰਨ ਦਾ ਹੀ ਦੂਸਰਾ ਨਾਮ ਹੈ। ਮਨੁੱਖ ਆਪਣੇ ਗੁਣਾਂ ਨਾਲ ਮਹਾਨ ਬਣਦਾ ਹੈ, ਗੁਰੂ ਨਾਨਕ ਸਾਹਿਬ ਜੀ ਦੇ ਅਨੁਸਾਰ ਪ੍ਰਮਾਤਮਾ ਸੱਚ ਦਾ ਰੂਪ ਹੈ। ਗੁਰੂ ਸਾਹਿਬ ਜੀ ਆਪਣੀ ਡੂੰਘੀ ਦ੍ਰਿਸ਼ਟੀ ਦੁਆਰਾ ਅੰਤਿਮ ਸੱਚ ਪ੍ਰਮਾਤਮਾ ਤੱਕ ਪਹੁੰਚ ਕਰ ਸਕੇ, ਗੁਰੂ ਸਾਹਿਬ ਨਿਮਰਤਾ ਤੇ ਮਿੱਠਤ ਦੀ ਖਾਣ ਸਨ। "ਆਸਾ ਦੀ ਵਾਰ" 'ਚ ਦਰਜ ਸਿੰਮਲ ਰੁੱਖ ਅਤੇ ਸ਼ਿਕਾਰੀ ਦੇ ਦ੍ਰਿਸ਼ਟਾਂਤਾਂ ਦੁਆਰਾ ਉਨਾਂ ਨੇ ਹੰਕਾਰ ਅਤੇ ਨਿਮਰਤਾ ਵਿਚਕਾਰ ਫਰਕ ਬਾਖੂਬੀ ਦਰਸਾਇਆ ਹੈ, ਸਿੰਮਲ ਰੁੱਖ ਸੈਕੜੇ ਸਾਲ ਖੜਾ ਰਹਿ ਕੇ ਨਿਕੰਮੇ ਫਲ-ਫੁਲ ਤੇ ਬੇਕਾਰ ਲੱਕੜ ਸਹਿਤ ਡਿੱਗ ਕੇ ਖਤਮ ਹੋ ਜਾਂਦਾ ਹੈ ਤੇ ਸ਼ਿਕਾਰੀ ਹਿਰਨ ਨੂੰ ਮਾਰਨ ਦੇ ਉਦੇਸ਼ ਨਾਲ ਨਿਓਂਦਾ ਹੈ, ਇਹ ਕੋਈ ਨਿਮਰਤਾ ਨਹੀਂ ਹੈ। "ਨਿਮਰਤਾ" ਨੂੰ ਸਾਰੇ ਗੁਣਾਂ ਦਾ ਮੂਲ ਮੰਨਿਆ ਜਾਂਦਾ ਹੈ। ਨਿਮਰਤਾ ਕੁਝ ਦੇਣ ਦਾ, ਕੁਝ ਵੰਡਣ ਦਾ ਗੁਣ ਓਪਜਾਂਓਂਦੀ ਹੈ। ਸਿਧਾਂਤਿਕ ਰੂਪ 'ਚ ਤਾਂ ਇਹ ਕਥਨ ਸ਼ਾਇਦ ਸਿੱਖ ਧਰਮ ਦੇ ਉਭਾਰ ਤੋਂ ਪਹਿਲਾਂ ਵੀ ਕਿਤੇ ਕਿਹਾ ਗਿਆ ਹੋਵੇ ਪਰ ਇਸ ਨੂੰ ਅਸਲ 'ਚ ਗੁਰੂ ਨਾਨਕ ਸਾਹਿਬ ਜੀ ਨੇ ਖੁਦ ਨਿਭਾ ਕੇ ਆਪਣੇ ਸਿੱਖਾਂ ਦੇ ਜੀਵਨ-ਢੰਗ ਦਾ ਇਕ ਅਟੁੱਟ ਹਿੱਸਾ ਬਣਾ ਦਿੱਤਾ। ਨਿਮਰਤਾ ਅਤੇ ਸਹਿਣਸ਼ੀਲਤਾ ਇੱਕੋ ਤਸਵੀਰ ਦੇ ਦੋ ਪਾਸੇ ਕਹੇ ਜਾ ਸਕਦੇ ਹਨ, ਇਹ ਦੋਨੋ ਇਕ ਦੂਜੇ ਦੇ ਪੂਰਕ ਹਨ। ਨਿਮਰਤਾ ਦਾ ਧਾਰਨੀ ਸਹਿਣਸ਼ੀਲ ਹੁੰਦਾ ਹੀ ਹੈ, ਸਹਿਣਸ਼ੀਲਤਾ ਮਨ ਦੀ ਅਡੋਲ ਅਵਸਥਾ ਚੋ ਉਪਜਦੀ ਹੈ, ਅਡੋਲ ਅਵਸਥਾ ਸੱਚੇ ਗਿਆਨ ਚੋ ਹਾਸਿਲ ਹੁੰਦੀ ਹੈ। ਸੱਚਾ ਗਿਆਨ ਗੁਰੂ ਦੇ ਸ਼ਬਦ ਰਾਹੀ ਅਨੁਭਵ ਹੁੰਦਾ ਹੈ: **ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ॥** (ਅੰਗ ੪੬੮) ਜਦੋਂ ਮਨੁੱਖ ਨੂੰ ਸ੍ਰਿਸ਼ਟੀ ਦੀ ਅਨੰਤਨਾ ਤੇ ਆਪਣੀ ਅਲਪਗਤਾ ਦਾ ਹਕੀਕੀ ਇਲਮ ਹੋ ਜਾਂਦਾ ਹੈ ਤਾਂ ਉਦੋਂ ਹੀ ਉਹ ਸਨਿਮਰ ਤੇ ਸਹਿਣਸ਼ੀਲ ਹੋਣ ਵਲ ਵਧਦਾ ਹ, ਗੁਰੂ ਨਾਨਕ ਸਾਹਿਬ ਦੁਆਰਾ ਪ੍ਰਦਾਨ ਕੀਤਾ ਸਿੱਖ ਧਰਮ ਸਰਬ ਸ਼੍ਰੇਸ਼ਟ ਤੇ ਸਰਬ ਕਲਿਆਣਕਾਰੀ ਧਰਮ ਮੰਨਿਆ ਜਾ ਸਕਦਾ ਹੈ, ਇਸ ਨੂੰ ਉਸ ਸਮੇਂ ਦੀ ਲੋਕਾਈ ਤਕ ਗੁਰੂ ਜੀ ਨੇ ਖੁਦ ਵੱਡੇ ਯਤਨਾ ਨਾਲ , ਨਿਜੀ ਪਹੁੰਚ, ਸੰਵਾਦ ਤੇ ਮਿੱਠੀ ਜੁਬਾਨ ਦੀ ਸਦਵਰਤੋਂ ਦੁਆਰਾ ਸਹਿਜ ਸੁਭਾਅ ਪਹੁੰਚਾਇਆ: **ਮਿਠਤੁ ਨੀਵੀ ਨਾਨਕਾ ਗੁਣ ਚੰਗੀਆਂਈਆ ਤੱਤ॥** (ਅੰਗ ੪੭੦) ਗੁਰੂ ਸਾਹਿਬ ਦੀ ਗਿਆਨ ਗੋਸ਼ਟੀ ਦੀ ਵਿਧੀ ਮੌਲਿਕ, ਰਸੀਲੀ ਤੇ ਮਿੱਠੀ ਸੀ। ਗੁਰੂ ਸਾਹਿਬ ਨੇ ਹੰਕਾਰੀਆ ਦਾ ਹੰਕਾਰ ਦੂਰ ਕੀਤਾ, ਕਰੋਧੀਆ ਦਾ ਕ੍ਰੋਧ, ਆਦਮਖੋਰ ਦਾ ਮਨੁੱਖੀ ਮਾਸ ਭਖੱਣ ਵਾਲਾ ਜੰਗਲੀ ਤੇ ਵਹਿਸ਼ੀ ਸੁਭਾਅ ਸੁਧਾਰ ਦਿੱਤਾ। ਹੰਕਾਰੀ ਨਿਮਰ ਹੋ ਗਏ, ਕਰੋਧੀ ਸ਼ਾਂਤ ਚਿੱਤ ਤੇ ਆਦਮਖੋਰ ਭਲੇਮਾਣਸ ਹੋ ਗਏ। **ਹਉਮੈਂ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥** (ਅੰਗ ੫੬੦) ਹਉਮੈ ਹੈ ਤਾਂ ਧਰਮ ਵੀ ਨਹੀਂ.. ਤੇ ਰੱਬ ਵੀ ਨਹੀਂ, ਹੁਓਮੈ ਅਤੇ ਰੱਬ ਇਕੋ ਹਿਰਦੇ ਵਿਚ ਨਹੀਂ ਵਸ ਸੱਕਦੇ। ਗੁਰੂ ਸਾਹਿਬ ਜੀ ਆਖਦੇ ਹਨ ਕਿ ਨਿਮਰਤਾ ਨਾਲ ਸਤਿਗੁਰ ਦੀ ਮਤ ਨੂੰ ਲੈਣਾ ਅਤੇ ਅਮਲ ਵਿੱਚ ਲਿਆਉਣਾ, ਗੁਣਾਂ ਦਾ ਹੰਕਾਰ ਨਾ ਕਰਨਾ ਹੀ ਰੱਬ ਨੂੰ ਯਾਦ ਕਰਨਾ ਕਹਿਲਾਉਂਦਾ ਹੈ, ਐਸੇ ਬੇਅੰਤ ਸਕਾਰਾਤਮਕ ਨੁਕਤਿਆਂ ਰਾਹੀ ਅਸੀਂ ਸੁੱਚਜੀ ਜੀਵਨ ਜਾਚ ਨੂੰ ਆਪਣੇ ਜੀਵਨ ਦਾ ਹਿਸਾ ਬਣਾਂ ਕੇ ਸੁਖ ਮਾਣ ਸੱਕਦੇ ਹਾਂ...ਅਤੇ ਸਮਝਾਇਆ ਕਿ **ਮਨ ਮੇਰੇ ਸਤਿਗੁਰ ਕੈ ਭਾਣੈ ਚਲੁ॥** (ਅੰਗ ੩੭)

## Canada rethinks long-term visa for International Students




Canada has a message for its international students: "you all might not be welcome." This comes at a time when Canada is reviewing how many long-term visas it grants to foreign students as it plans to slow down immigration amid a record rise in its population. Many officials are trying to match the labour market demands with the foreign students, Immigration Minister Marc Miller told Bloomberg. This can be a concern for Indian students, who form the biggest cohort of international students in Canada. Canada has always encouraged universities and colleges to bring in educated and working immigrants, but now it is putting a stop to a degree implying a future job and even citizenship, Marc Miller told Bloomberg. People should come to Canada and think of going back home is the current stance of the Canadian Minister.

### ◆◆ ਰੋਸੁ ਨ ਕੀਜੈ ਉਤਰੁ ਦੀਜੈ ◆◆

**1. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਭਗਤ ਕਬੀਰ ਜੀ ਦੇ ਕਿੰਨੇ ਸਲੋਕ ਹਨ?**

a. 244　　b. 234
c. 243　　d. 233

**2. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਭਗਤ ਕਬੀਰ ਜੀ ਦੇ ਸਲੋਕ ਨਾਲ ਕਿਹੜੇ ਕਿਹੜੇ ਗੁਰੂ ਸਾਹਿਬਾਨ ਦੇ ਸਲੋਕ ਦਰਜ ਹਨ?**

a. ਗੁਰੂ ਨਾਨਕ ਸਾਹਿਬ ਜੀ ਅਤੇ ਗੁਰੂ ਅਮਰਦਾਸ ਸਾਹਿਬ ਜੀ
b. ਗੁਰੂ ਨਾਨਕ ਸਾਹਿਬ ਜੀ ਅਤੇ ਗੁਰੂ ਰਾਮਦਾਸ ਸਾਹਿਬ ਜੀ
c. ਗੁਰੂ ਰਾਮਦਾਸ ਸਾਹਿਬ ਜੀ ਅਤੇ ਗੁਰੂ ਅਰਜਨ ਸਾਹਿਬ ਜੀ
d. ਗੁਰੂ ਅਮਰਦਾਸ ਸਾਹਿਬ ਜੀ ਅਤੇ ਗੁਰੂ ਅਰਜਨ ਸਾਹਿਬ ਜੀ

**3. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਭਗਤ ਕਬੀਰ ਜੀ ਦੇ ਸ਼ਲੋਕਾਂ ਵਿਚ ਗੁਰੂ ਅਮਰਦਾਸ ਸਾਹਿਬ ਜੀ ਦੇ ਕਿੰਨੇ ਸਲੋਕ ਦਰਜ ਹਨ?**

a. 1　　b. 2
c. 3　　d. 4

**4. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਭਗਤ ਕਬੀਰ ਜੀ ਦੇ ਸ਼ਲੋਕਾਂ ਵਿਚ ਗੁਰੂ ਅਰਜਨ ਸਾਹਿਬ ਜੀ ਦੇ ਕਿੰਨੇ ਸਲੋਕ ਦਰਜ ਹਨ?**

a. 1　　b. 3
c. 5　　d. 7


(ਦੇਖੋ ਉੱਤਰ ਪੰਨਾ 4 'ਤੇ)

CAREER COUNSELLING

# Accept Failure

Narinder Pal Singh






During our life time, we have lot many vulnerable moments. Few are proven strategies to face such situations courageously. This strategy isn't just words; it's a journey that's still unfolding.

- Embrance Vulnerability – It always reminds us that we are human and it's OKAY to feel low. The feeling of hitting rock bottom embrace the vulnerability.
- Seek Lessons - Life's challenges have hidden lessons. It is always important to uncover them through your life journey. Every setback is an opportunity in disguise, a setup for a remarkable comeback.
- Set Goals – Always define clear and achievable goals. When you visualize a stronger version of yourself, it becomes easier to outline the steps needed to get there.
- Take Actions - Taking consistent small steps towards your goals is where the magic happens. Progress may seem slow, but remember, every step counts.
- Stay Resilient - Setbacks are inevitable, but not to let them define your journey. Resilience is the key to emerging stronger, every single time.
- Reflect And Repeat - Through reflection and personal experiences, we should refined our goals and repeated the process. Every fall has been a stepping stone to becoming a better version of yourself.

**Believe In Your Journey.**
**Your Lows can indeed be the sprinboard for an Incredible Transformation.**

## ਸੁਨਾਮ ਸਾਰੇ ਸਰਕਾਰੀ ਹਾਈ ਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਰੋਬੋਟਿਕ ਲੈਬਜ਼ ਸਥਾਪਤ ਕਰਕੇ ਬਣਿਆ ਦੇਸ਼ ਦਾ ਮੋਹਰੀ ਹਲਕਾ



ਵਿਦਿਆਰਥੀਆਂ ਨੂੰ ਸਮੇਂ ਦੇ ਹਾਣ ਦੀ ਸਿੱਖਿਆ ਮੁਹੱਈਆ ਕਰਵਾਉਣ ਲਈ ਇੱਕ ਨਿਵੇਕਲੀ ਪਹਿਲਕਦਮੀ ਕਰਦਿਆਂ ਸੁਨਾਮ ਆਪਣੇ ਸਾਰੇ ਸਰਕਾਰੀ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਰੋਬੋਟਿਕ ਲੈਬਾਰਟਰੀਆਂ ਦੀ ਸ਼ੁਰੂਆਤ ਕਰਕੇ ਦੇਸ਼ ਦਾ ਮੋਹਰੀ ਵਿਧਾਨ ਸਭਾ ਹਲਕਾ ਬਣ ਗਿਆ ਹੈ। ਇਹ ਪ੍ਰਾਜੈਕਟ ਸਿੱਖਿਆ ਦੇ ਖੇਤਰ ਵਿੱਚ ਕ੍ਰਾਂਤੀ ਲਿਆਉਣ ਅਤੇ ਵਿਦਿਆਰਥੀਆਂ ਨੂੰ ਅਤਿ-ਆਧੁਨਿਕ ਤਕਨਾਲੋਜੀ ਦੀ ਮਦਦ ਨਾਲ ਹੋਰ ਕਾਬਲ ਬਣਾਉਣ ਦੀ ਦਿਸ਼ਾ ਵਿੱਚ ਮੀਲ ਪੱਥਰ ਸਥਾਪਤ ਹੋਵੇਗਾ। ਪੰਜਾਬ ਦੇ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਇਹ ਪਹਿਲਕਦਮੀ ਵਿਦਿਆਰਥੀਆਂ ਨੂੰ ਮਿਆਰੀ ਤੇ ਵਿਗਿਆਨਕ ਸਿੱਖਿਆ ਪ੍ਰਦਾਨ ਕਰਨ ਤੋਂ ਇਲਾਵਾ ਆਧੁਨਿਕ ਯੁੱਗ ਦਾ ਹਾਣੀ ਬਣਨ ਲਈ ਲੋੜੀਂਦੇ ਹੁਨਰ ਪ੍ਰਦਾਨ ਕਰਨ ਪ੍ਰਤੀ ਸਾਡੀ ਵਚਨਬੱਧਤਾ ਨੂੰ ਦਰਸਾਉਂਦੀ ਹੈ। ਇਸ ਪਹਿਲਕਦਮੀ ਨਾਲ ਸੁਨਾਮ ਹਲਕੇ ਵਿੱਚ ਸਿੱਖਿਆ ਦੇ ਖੇਤਰ 'ਚ ਸਾਰਥਕ ਪ੍ਰਭਾਵ ਪੈਣ ਦੀ ਉਮੀਦ ਹੈ, ਜਿਸ ਨਾਲ ਅਕਾਦਮਿਕ ਉੱਤਮਤਾ ਅਤੇ ਨਵੀਨਤਾ ਵਿੱਚ ਨਵਾਂ ਮਾਪਦੰਡ ਸਥਾਪਤ ਹੋਵੇਗਾ। ਇਸ ਮਹੱਤਵਪੂਰਨ ਅਤੇ ਆਪਣੀ ਕਿਸਮ ਦੀ ਵਿਸ਼ੇਸ਼ ਪਹਿਲਕਦਮੀ ਦਾ ਹਿੱਸਾ ਬਣਨ 'ਤੇ ਸਮੁੱਚੇ ਰਾਜ ਨੂੰ ਮਾਣ ਮਹਿਸੂਸ ਹੋ ਰਿਹਾ ਹੈ, ਜੋ ਵਿਦਿਆਰਥੀਆਂ ਨੂੰ ਤੇਜ਼ੀ ਨਾਲ ਬਦਲ ਰਹੀਆਂ ਤਕਨੀਕਾਂ ਦੇ ਹਾਣੀ ਬਣਨ ਅਤੇ ਭਵਿੱਖ ਲਈ ਤਿਆਰ ਹੋਣ ਲਈ ਹੁਨਰ ਅਤੇ ਨਵੀਨ-ਸੋਚ ਪ੍ਰਦਾਨ ਕਰ ਰਹੀ ਹੈ।


## SIKH MATRIMONIALS

Required Canadian Born Sikh match for Gursikh girl 29/5'4" in Govt job at Ottwa. No cast bar, Boy should be Turbaned ND/NT. Contact +1613 330 6319

Gursikh Boy 29/5'9"/BTech. Thapar Univ. /Masters Univ. Of Windsor, Canada /Working in Canada/ 100000 CAD /PR in progress/Contact +91 8689080882

Gursikh girl 26/5'2"/ Zoology Hons./ BEd. University of Windsor/Teacher in Ontario/Parents in Govt. Service/ Contact +91 9910229922


ਪੰਨਾ 3 'ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ: 1. C 2. D 3. A 4. C

Chief Editor: Dr. Harjinder Singh Editor: Dr. Davinder Singh Designer: Pavit Singh
Advisory Board: Gujinder Singh (USA), Harpreet Kaur (Belgium), Harmohinder Singh (USA), Mamta Kaur (India), Taranpreet Singh (India), Harman Singh (Canada)



email: canadasikhtimes@gmail.com, M: +1 437 673 7555